# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 05 ਜਨਵਰੀ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡੇਰਾ ਸੱਚਖੰਡ ਦੁੱਧਾਧਾਰੀ ਈਸਪੁਰ ਵਿਖ਼ੇ ਮਾਘੀ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ 14 ਜਨਵਰੀ ਨੂੰ ਮਨਾਇਆ ਜਾਵੇਗਾ

### ਬ੍ਰਹਮਲੀਨ 108 ਸੰਤ ਮੰਗਲ ਦਾਸ ਜੀ ਦੀ ਯਾਦ ਨੂੰ ਸਮਰਪਿਤ ਇੱਕ ਖੂਨ ਦਾਨ ਕੈਂਪ ਵੀ ਲਗਾਇਆ ਜਾਵੇਗਾ

ਵਰਲਡ ਪੰਜਾਬੀ ਟਾਈਮਜ਼ ਸੂਦ ਵਿਰਕ



ਈਸਪੁਰ 5 ਜਨਵਰੀ : ਡੇਰਾ ਸ੍ਰੀ 108 ਸੰਤ ਬਾਬਾ ਬਸਾਉ ਦਾਸ ਜੀ ਸੱਚਖੰਡ ਦੁੱਧਾਧਾਰੀ ਅਤੇ ਸੰਤ ਬਾਬਾ ਮੰਗਲ ਦਾਸ ਜੀ ਪਿੰਡ ਈਸਪੁਰ ਵਿਖੇ ਮਿਤੀ 14 ਜਨਵਰੀ, 2026 ਦਿਨ ਬੁੱਧਵਾਰ ਨੂੰ ਸੰਤ ਬੀਬੀ ਪ੍ਰਕਾਸ਼ ਕੌਰ ਜੀ ਅਤੇ ਡੇਰਾ ਸੰਚਾਲਕ ਸ੍ਰੀ 108 ਸੰਤ ਹਰਵਿੰਦਰ ਦਾਸ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਾਘੀ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾਵੇਗਾ। ਇਸ ਸਮਾਗਮ ਵਿੱਚ ਵੱਖ-ਵੱਖ ਕੀਰਤਨੀ ਅਤੇ ਰਾਗੀ ਜੱਥਿਆਂ ਤੇ ਸੰਤ-ਮਹਾਪੁਰਸ਼ਾਂ ਵੱਲੋਂ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਟੇਜ ਸਕੱਤਰ ਦੀ ਭੂਮਿਕਾ ਤਰਸੇਮ ਲਾਲ ਜੇ.ਈ. ਨੇ ਨਿਭਾਈ ਜਾਵੇਗੀ। ਸੰਗਤਾਂ ਨੂੰ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਇਸ ਮਾਘੀ ਸਲਾਨਾ ਜੋੜ ਮੇਲੇ ਮੌਕੇ ਡੇਰਾ ਈਸਪੁਰ ਵਿਖੇ ਬ੍ਰਹਮਲੀਨ 108 ਸੰਤ ਮੰਗਲ ਦਾਸ ਜੀ ਦੀ ਯਾਦ ਨੂੰ ਸਮਰਪਿਤ ਇੱਕ ਖੂਨ ਦਾਨ ਕੈਂਪ ਬਲੱਡ ਡੋਨਰਸ ਪੰਜਾਬ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਰਸਮੀ ਸੰਮਨ ਜਾਰੀ ਕੀਤਾ

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ (ਪੰਜਾਬ), 5 ਜਨਵਰੀ : ਇੱਕ ਮਹੱਤਵਪੂਰਨ ਘਟਨਾਕ੍ਰਮ ਵਿੱਚ, ਸਰਵਉੱਚ ਸਿੱਖ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਰਸਮੀ ਸੰਮਨ ਜਾਰੀ ਕੀਤਾ ਹੈ, ਜਿਸ ਵਿੱਚ ਉਨ੍ਹਾਂ ਨੂੰ ਸਪੱਸ਼ਟੀਕਰਨ ਦੇਣ ਲਈ 15 ਜਨਵਰੀ, 2026 ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਹ ਐਲਾਨ ਜਥੇਦਾਰ ਕੁਲਦੀਪ ਸਿੰਘ ਗੁਰਗੱਜ ਦੁਆਰਾ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ ਗਿਆ, ਜਿਨ੍ਹਾਂ ਨੇ ਕਿਹਾ ਕਿ ਇਹ ਸੰਮਨ ਮੁੱਖ ਮੰਤਰੀ ਵੱਲੋਂ ਵਾਰ-ਵਾਰ ਦਿੱਤੇ ਗਏ ਬਿਆਨਾਂ ਦੇ ਜਵਾਬ ਵਿੱਚ ਆਇਆ ਹੈ ਜਿਨ੍ਹਾਂ ਨੇ ਕਥਿਤ ਤੌਰ 'ਤੇ ਸਿੱਖ ਭਾਵਨਾਵਾਂ ਦਾ ਅਪਮਾਨ ਕੀਤਾ ਹੈ।

ਇਨ੍ਹਾਂ ਵਿੱਚ ਦਸਵੰਧ ਅਤੇ ਗੁਰੂ ਕੀ ਗੋਲਕ ਦੇ ਸਿਧਾਂਤਾਂ ਦੇ ਵਿਰੁੱਧ ਵਿਵਾਦਪੂਰਨ ਟਿੱਪਣੀਆਂ, ਅਤੇ ਨਾਲ ਹੀ ਸਿੱਖ ਗੁਰੂਆਂ ਅਤੇ 20ਵੀਂ ਸਦੀ ਦੇ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਪ੍ਰਤੀ ਅਪਮਾਨਜਨਕ ਸਮਝੀਆਂ ਗਈਆਂ ਕਾਰਵਾਈਆਂ ਸ਼ਾਮਲ ਹਨ।

ਜਥੇਦਾਰ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਬਿਆਨ, ਇੱਕ ਸੰਵਿਧਾਨਕ ਅਹੁਦੇਦਾਰ ਵੱਲੋਂ ਆਉਣ ਵਾਲੇ, ਮੁੱਖ ਮੰਤਰੀ ਦੇ "ਰਾਜਨੀਤਿਕ ਹੰਕਾਰ" ਨੂੰ ਦਰਸਾਉਂਦੇ ਹਨ। ਸਾਰੀਆਂ ਨਜ਼ਰਾਂ ਹੁਣ 15 ਜਨਵਰੀ 'ਤੇ ਹਨ, ਕਿਉਂਕਿ ਸਿੱਖ ਭਾਈਚਾਰਾ ਉਡੀਕ ਕਰ ਰਿਹਾ ਹੈ ਕਿ ਕੀ ਮੁੱਖ ਮੰਤਰੀ ਭਗਵੰਤ ਮਾਨ ਸੰਮਨ ਦੀ ਪਾਲਣਾ ਕਰਨਗੇ। ਸਿੱਖ ਪਰੰਪਰਾ ਅਨੁਸਾਰ, ਅਕਾਲ ਤਖ਼ਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਸਖ਼ਤ ਧਾਰਮਿਕ ਨਤੀਜੇ ਨਿਕਲ ਸਕਦੇ ਹਨ।

## ਮਹਿਲ ਕਲਾਂ ਵਿਖੇ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਵਰਲਡ ਪੰਜਾਬੀ ਟਾਈਮਜ਼ ਜਗਮੋਹਨ ਸ਼ਾਹ ਰਾਏਸਰ

ਮਹਿਲ ਕਲਾਂ,5 ਜਨਵਰੀ : ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਪ੍ਰਬੰਧਕ ਕਮੇਟੀ ਮਹਿਲ ਕਲਾਂ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਇਸ ਮੌਕੇ ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਦੇ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਕਮੇਟੀ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਗਿਆਨੀ ਕਰਮ ਸਿੰਘ ਆਸਟ੍ਰੇਲੀਆ, ਕੁਲਵੰਤ ਸਿੰਘ ਟਿੱਬਾ ਨੇ ਸਮੂਹ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆ ਕਲਗੀਧਰ ਪਾਤਿਸ਼ਾਹ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਬਕ ਚਾਨਣਾ ਪਾਇਆ। ਅਰਦਾਸ ਉਪਰੰਤ ਅਰੰਭ ਹੋ ਕੇ ਨਗਰ ਕੀਰਤਨ



ਪੜਾਅ ਵਾਰ ਹੁੰਦਾ ਹੋਇਆ ਮੁੱਖ ਮਾਰਗ ਬੱਸ ਸਟੈਂਡ ਉਪਰ ਪਹੁੰਚਣ ਤੇ ਦੁਕਾਨਦਾਰ ਯੂਨੀਅਨ, ਸਮੂਹ ਦੁਕਾਨਦਾਰ ਭਾਈਚਾਰੇ ਅਤੇ ਪ੍ਰੈੱਸ ਕਲੱਬ ਮਹਿਲ ਕਲਾਂ ਵੱਲੋਂ ਭਰਵਾਂ ਸੁਆਗਤ ਕਰਦਿਆਂ ਐਨ ਆਰ ਆਈ ਜਗਦੀਪ ਸਿੰਘ ਆਸਟ੍ਰੇਲੀਆ ਦੇ ਉੱਦਮ ਸਦਕਾ ਗੁਰਪ੍ਰੀਤ ਸਿੰਘ ਅਣਖੀ,ਯੂਥ ਆਗੂ ਅਰੁਣ ਕੁਮਾਰ ਬਾਂਸਲ, ਇਕਬਾਲ ਸਿੰਘ ਹੈਪੀ ਦੀ ਅਗਵਾਈ ਹੇਠ ਪੰਜ ਪਿਆਰੇ ਸਾਹਿਬਾਨ, ਰਾਗੀ ਜਥਿਆਂ,ਪ੍ਰਬੰਧਕਾਂ ਨੂੰ ਸਿਰੋਪਾਓ ਭੇਂਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ । ਸ਼ਾਮਲ ਸੰਗਤਾਂ ਲਈ ਥਾਂ ਥਾਂ ਮਠਿਆਈਆਂ, ਵੱਖ-ਵੱਖ ਪ੍ਰਕਾਰ ਦੇ ਲੰਗਰ ਅਟੁੱਟ ਵਰਤਾਏ ਗਏ। ਇਸ ਸਮੇਂ ਮੈਂਬਰ ਜ਼ਿਲਾ ਪ੍ਰੀਸ਼ਦ ਕੁਲਦੀਪ ਕੌਰ ਖੜਕੇ ਕੇ, ਸਰਪੰਚ ਕਿਰਨਾ ਰਾਣੀ ਬਾਂਸਲ, ਸਰਪੰਚ ਸਰਬਜੀਤ ਸਿੰਘ ਸੰਭੂ, ਪ੍ਰਧਾਨ ਗਗਨ ਸਰਾਂ, ਪ੍ਰੇਮ ਪਾਸੀ, ਮਨਦੀਪ ਕੌਸ਼ਲ, ਪ੍ਰਿੰਸ ਅਰੋੜਾ, ਜਗਦੀਸ਼ ਪੰਨੂ, ਰਾਹੁਲ ਕੌਂਸਲ, ਡਾਕਟਰ ਵਰਮਾ, ਜਗਰਾਜ ਸਿੰਘ ਮਹਿਲ ਖ਼ੁਰਦ, ਪ੍ਰਧਾਨ ਬੁੱਧ ਸਿੰਘ ਕਲਸੀ, ਜਰਨੈਲ ਸਿੰਘ ਮਠਾੜੂ,, ਕੁਲਵੰਤ ਸਿੰਘ ਭੱਠਲ, ਭਾਜਪਾ ਆਗੂ ਸੁਰਿੰਦਰ ਕਾਲਾ, ਮੇਜਰ ਸਿੰਘ ਕਲੇਰ, ਆਪ ਆਗੂ ਗੁਰੀ ਔਲਖ, ਆੜ੍ਹਤੀਆ ਸਰਬਜੀਤ ਸਿੰਘ ਸਰਬੀ, ਗੁਰਦੀਪ ਸਿੰਘ ਟਿਵਾਣਾ, ਰਣਜੀਤ ਸਿੰਘ ਬਿੱਟੂ, ਕਰਨੈਲ ਸਿੰਘ ਢੈਪਈ, ਹਰੀ ਸਿੰਘ ਮੈਂਬਰ, ਭਾਈ ਸਤਨਾਮ ਸਿੰਘ, ਅਜਮੇਰ ਸਿੰਘ, ਗੁਰਮੇਲ ਸਿੰਘ ਮੇਲੀ, ਨੰਬਰਦਾਰ ਆਤਮਾ ਸਿੰਘ, ਭਾਈ ਚਮਕੌਰ ਸਿੰਘ,ਭਾਈ ਹਰਬੰਸ ਸਿੰਘ ਛੰਨਾਂ, ਭਾਈ ਮਲਕੀਤ ਸਿੰਘ, ਭਾਈ ਨਿੱਕਾ ਸਿੰਘ, ਭਾਈ ਨੱਥਾ ਸਿੰਘ, ਬੀਬੀ ਸੁਰਿੰਦਰ ਕੌਰ, ਪ੍ਰੀਤਮ ਸਿੰਘ ਕੈਲਾ, ਅਵਤਾਰ ਸਿੰਘ ਗਰੇਵਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਇਸ ਸਮੇ ਕਵੀਸ਼ਰ ਉਜਾਗਰ ਸਿੰਘ ਲੋਪੋ ਆਦਿ ਵੱਖ-ਵੱਖ ਜਥਿਆਂ ਦੇ ਦਸ਼ਮੇਸ਼ ਪਿਤਾ ਜੀ ਦੇ ਜੀਵਨ ਸਬੰਧੀ ਪ੍ਰਸੰਗ ਪੇਸ਼ ਕੀਤੇ। ਇਸ ਦੌਰਾਨ ਦਸ਼ਮੇਸ਼ ਨੌਜਵਾਨ ਕਲੱਬ ਦੇ ਨੌਜਵਾਨ ਸੇਵਾਦਾਰਾਂ ਪ੍ਰਧਾਨ ਅਰਸ਼ਦੀਪ ਸਿੰਘ ਢੀਂਡਸਾ, ਹਰਮਨਜੀਤ ਸਿੰਘ ਬੰਟੀ ਦੀ ਅਗਵਾਈ ਹੇਠ ਸੇਵਾ ਭਾਵਨਾ ਨਾਲ ਜਿੰਮੇਵਾਰੀ ਨਿਭਾਈ।

## ਵਿਚਾਰਾਂ ਦੇ ਪ੍ਰਗਟਾਵੇ ਦੇ ਹੱਕ ਵਿੱਚ ਨਿੱਤਰੀਆਂ ਵੱਖ ਵੱਖ ਇਨਸਾਫ ਪਸੰਦ ਜਥੇਬੰਦੀਆਂ

### ਆਰਟੀਆਈ ਕਾਰਕੁੰਨ ਅਤੇ ਪੱਤਰਕਾਰਾਂ ਖਿਲਾਫ ਦਰਜ ਮਾਮਲਾ ਰੱਦ ਕਰਵਾਉਣ ਲਈ ਰੋਸ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 5 ਜਨਵਰੀ : ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਕੋਟਕਪੂਰਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ ਅਤੇ ਜਨਰਲ ਸਕੱਤਰ ਮੋਹਰ ਸਿੰਘ ਗਿੱਲ ਦੀ ਅਗਵਾਈ ਹੇਠ ਪਿਛਲੇ ਦਿਨੀਂ ਆਰ.ਟੀ.ਆਈ. ਕਾਰਕੁੰਨ ਅਤੇ ਪੱਤਰਕਾਰਾਂ ਖਿਲਾਫ ਦਰਜ ਕੀਤੇ ਕੇਸ ਦੇ ਵਿਰੋਧ ਵਿੱਚ ਅੱਜ ਇਨਸਾਫ ਪਸੰਦ ਜਥੇਬੰਦੀਆਂ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਕਰਕੇ ਪ੍ਰੈਸ ਕੌਂਸਲ ਆਫ ਇੰਡੀਆ ਨਵੀਂ ਦਿੱਲੀ ਦੇ ਚੇਅਰਮੈਨ/ਸਕੱਤਰ ਦੇ ਨਾਮ ਮੰਗ ਪੱਤਰ ਨਾਇਬ ਤਹਿਸੀਲਦਾਰ ਨੂੰ ਸੌਂਪਿਆ ਗਿਆ। ਆਪਣੇ ਸੰਬੋਧਨ ਦੌਰਾਨ ਵੱਖ-ਵੱਖ ਪੱਤਰਕਾਰ ਯੂਨੀਅਨਾ ਅਤੇ ਇਨਸਾਫ ਪਸੰਦ ਜਥੇਬੰਦੀਆਂ ਦੇ ਆਗੂਆਂ ਨੇ ਆਖਿਆ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜਾਦੀ ਨੂੰ ਬਰਕਰਾਰ ਰੱਖਣ ਲਈ ਸਾਨੂੰ ਜਿੰਨਾ ਮਰਜੀ ਤਿੱਖਾ ਅਤੇ ਸਖਤ ਸੰਘਰਸ਼ ਕਰਨਾ ਪਵੇ, ਉਹ ਜਰੂਰ ਕਰਾਂਗੇ, ਨਹੀਂ ਤਾਂ ਆਉਣ ਵਾਲੀਆਂ ਹੋਰ ਸਰਕਾਰਾਂ ਵੀ ਇਸ ਤਰ੍ਹਾਂ ਦੇ ਕੋਝੇ ਹੱਥ ਕੰਢੇ ਵਰਤ ਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜਾਦੀ ਲਈ ਖਤਰਾ ਪੈਦਾ ਕਰਨਗੀਆਂ। ਸਾਂਝੇ ਤੌਰ 'ਤੇ ਸਟੇਜ ਸੰਚਾਲਨ ਕਰਦਿਆਂ ਅਵਤਾਰ ਸਿੰਘ ਸਹੋਤਾ, ਪ੍ਰੇਮ ਚਾਵਲਾ ਅਤੇ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਰੋਸ ਪ੍ਰਦਰਸ਼ਨ ਦੇ ਮੁੱਖ ਕਾਰਨ ਅਤੇ ਵਿਉਂਤਬੰਦੀ ਤੋਂ ਜਾਣੂ ਕਰਵਾਇਆ। ਆਪਣੇ ਸੰਬੋਧਨ ਦੌਰਾਨ ਵੱਖ-ਵੱਖ ਕਿਸਾਨ ਜਥੇਬੰਦੀਆਂ, ਪੰਜਾਬ ਸਟੂਡੈਂਟ ਯੂਨੀਅਨ, ਟੀ.ਐਸ.ਯੂ., ਪੰਜਾਬ ਪੈਨਸ਼ਨਰਜ ਯੂਨੀਅਨ ਅਤੇ ਹੋਰ ਵੱਖ ਵੱਖ ਸੰਸਥਾਵਾਂ ਨਾਲ ਸਬੰਧਤ ਆਗੂਆਂ ਨੇ ਆਖਿਆ ਕਿ ਅੰਦੋਲਨ ਵਿੱਚੋਂ ਨਿਕਲੀ ਪਾਰਟੀ ਦੇ ਮੂਹਰਲੀ ਕਤਾਰ ਦੇ ਆਗੂਆਂ ਵਿੱਚ ਸ਼ਾਮਲ ਅਰਵਿੰਦ ਕੇਜਰੀਵਾਲ ਆਪਣੀ ਹਰ ਸਟੇਜ ਤੋਂ ਬੜੀ ਪ੍ਰਮੁੱਖਤਾ ਨਾਲ ਆਰਟੀਆਈ ਕਾਨੂੰਨ ਦੀ ਵਰਤੋਂ ਵੱਧ ਤੋਂ ਵੱਧ ਕਰਨ ਅਤੇ ਭਗਵੰਤ ਸਿੰਘ ਮਾਨ ਸਿਆਸਤਦਾਨਾ ਅਤੇ ਅਫਸਰਾਂ ਨੂੰ ਸਵਾਲ ਕਰਨ ਦੀ ਵਕਾਲਤ ਕਰਦੇ ਸਨ ਪਰ ਅੱਜ ਆਰਟੀਆਈ ਕਾਰਕੁੰਨ ਅਤੇ ਸਵਾਲ ਪੁੱਛਣ ਵਾਲੇ ਪੱਤਰਕਾਰਾਂ ਖਿਲਾਫ ਝੂਠਾ ਮਾਮਲਾ ਦਰਜ ਕਰਨ ਵਾਲੀ ਕਾਰਵਾਈ ਨੇ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਦਾ ਛੁਪਿਆ ਚਿਹਰਾ ਅਤੇ ਏਜੰਡਾ ਵੀ ਨੰਗਾ ਕਰ ਦਿੱਤਾ ਹੈ। ਕਿਸਾਨ ਆਗੂਆਂ ਗੁਰਮੇਲ ਸਿੰਘ ਧਾਲੀਵਾਲ, ਜਸਪ੍ਰੀਤ ਸਿੰਘ ਜੱਸਾ ਕੋਹਾਰਵਾਲਾ, ਯਾਦਵਿੰਦਰ ਸਿੰਘ ਸਿਬੀਆ, ਕੁਲਵੰਤ ਸਿੰਘ ਚਾਨੀ, ਮਨਜੀਤ ਕੌਰ ਨੰਗਲ, ਸੁਰਜੀਤ ਸਿੰਘ ਬਰਾੜ, ਰੁਲਦੂ ਸਿੰਘ ਸੈਣੀ, ਕੇਵਲ ਸਿੰਘ ਪ੍ਰੇਮੀ, ਮੰਦਰ ਸਿੰਘ ਸਮੇਤ ਵਿਦਿਆਰਥੀ ਆਗੂਆਂ ਸੁਖਪ੍ਰੀਤ ਸਿੰਘ ਮੌੜ, ਬਲਰਾਜ ਸਿੰਘ ਮੌੜ ਅਤੇ ਸੁਖਬੀਰ ਸਿੰਘ ਆਦਿ ਨੇ ਆਖਿਆ ਕਿ ਹਰ ਲੇਖਕ, ਗਾਇਕ, ਗੀਤਕਾਰ, ਸਾਹਿਤਕਾਰ ਸਮੇਤ ਦੇਸ਼ ਦੀ 150 ਕਰੋੜ ਦੀ ਆਬਾਦੀ ਵਾਲੇ ਹਰ ਨਾਗਰਿਕ ਕੋਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜਾਦੀ ਹੈ ਪਰ ਜੇਕਰ ਲੋਕਤੰਤਰ ਦੇ ਚੌਥੇ ਥੰਮ 'ਪ੍ਰੈਸ' ਖਿਲਾਫ ਹੀ ਐਮਰਜੈਂਸੀ ਲਾਗੂ ਕਰਕੇ ਝੂਠੇ ਮਾਮਲੇ ਦਰਜ ਕਰਕੇ ਪੱਤਰਕਾਰਾਂ ਦੀ ਆਵਾਜ ਦਬਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਸ ਨੂੰ ਦੇਸ਼ ਦੇ ਭਵਿੱਖ ਲਈ ਸ਼ੁੱਭ ਸੰਕੇਤ ਨਹੀਂ ਮੰਨਿਆ ਜਾ ਸਕਦਾ। ਅੰਤ ਵਿੱਚ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਨਾਹਰੇਬਾਜੀ ਕਰਦਿਆਂ ਸ਼ਾਂਤਮਈ ਰੂਪ ਵਿੱਚ ਰੋਸ ਪ੍ਰਦਰਸ਼ਨ ਸਥਾਨਕ ਤਹਿਸੀਲ ਕੰਪਲੈਕਸ ਵਿੱਚ ਪੁੱਜਾ, ਜਿੱਥੇ ਐਸਡੀਐਮ ਦੀ ਗੈਰ ਹਾਜਰੀ ਕਰਕੇ ਸ੍ਰ ਮੱਖਣ ਸਿੰਘ ਨਾਇਬ ਤਹਿਸੀਲਦਾਰ ਨੂੰ ਪ੍ਰੈਸ ਕੌਂਸਲ ਆਫ ਇੰਡੀਆ ਨਵੀਂ ਦਿੱਲੀ ਦੇ ਨਾਮ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਕਿ 10 ਪੱਤਰਕਾਰਾਂ, ਆਰਟੀਆਈ ਕਾਰਕੁੰਨ ਅਤੇ ਸਮਾਜਸੇਵੀਆਂ ਖਿਲਾਫ ਦਰਜ ਕੀਤਾ ਮਾਮਲਾ ਰੱਦ ਹੋਵੇ ਅਤੇ ਭਵਿੱਖ ਵਿੱਚ ਇਸ ਤਰਾਂ ਦੀ ਘਟਨਾ ਨਾ ਵਾਪਰਨੀ ਯਕੀਨੀ ਬਣਾਈ ਜਾਵੇ। ਇਸ ਮੌਕੇ ਵੱਖ ਵੱਖ ਪੱਤਰਕਾਰ ਯੂਨੀਅਨਾ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਕਿਸਾਨ ਯੂਨੀਅਨ ਫਤਹਿ ਪੰਜਾਬ, ਕਿਰਤੀ ਕਿਸਾਨ ਯੂਨੀਅਨ, ਗੱਲਾ ਮਜਦੂਰ ਯੂਨੀਅਨ, ਬੀਕੇਯੂ ਡਕੌਂਦਾ, ਆਲ ਇੰਡੀਆ ਮਜਬੀ ਸਿੱਖ ਵੈਲਫੇਅਰ ਐਸੋਸੀਏਸ਼ਨ, ਰਾਸ਼ਟਰੀ ਮੂਲ ਭਾਰਤੀ ਚਿੰਤਨ ਸੰਘ, ਕਿਸਾਨ ਮਜਦੂਰ ਯੂਨੀਅਨ, ਬੀਕੇਯੂ ਡਕੌਂਦਾ ਧਨੇਰ, ਗੁੱਡ ਮੌਰਨਿੰਗ ਵੈਲਫੇਅਰ ਕਲੱਬ, ਰਾਮ ਮੁਹੰਮਦ ਸਿੰਘ ਆਜਾਦ ਵੈਲਫੇਅਰ ਸੁਸਾਇਟੀ, ਅਰੋੜਬੰਸ ਸਭਾ, ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ, ਲਾਇਨਜ ਕਲੱਬ ਕੋਟਕਪੂਰਾ ਰਾਇਲ, ਸਿਟੀਜਨ ਸੇਵਾ ਸੁਸਾਇਟੀ, ਪੀਬੀਜੀ ਵੈਲਫੇਅਰ ਕਲੱਬ, ਅਕਾਲੀ ਦਲ ਬਾਦਲ, ਕਾਂਗਰਸ ਅਤੇ ਹੋਰ ਵੱਖ ਵੱਖ ਰਾਜਨੀਤਿਕ ਅਤੇ ਗੈਰ ਸਿਆਸੀ ਸ਼ਖਸ਼ੀਅਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ।


## ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਹੋਈ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ 5 ਜਨਵਰੀ: ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਕਰਨਲ ਬਲਬੀਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਪੈਨਸ਼ਨਜ ਭਵਨ ਫ਼ਰੀਦਕੋਟ ਵਿਖੇ ਹੋਈ ਜਿਸ ਵਿੱਚ ਪ੍ਰੋ. ਪਾਲ ਸਿੰਘ ਪਾਲ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ, ਪ੍ਰਿੰਸੀਪਲ ਜੋਗਿੰਦਰ ਸਿੰਘ ਸਿੱਧੂ, ਇਕਬਾਲ ਘਾਰੂ, ਸੁਰਿੰਦਰਪਾਲ ਸ਼ਰਮਾ ਭਲੂਰ , ਸਾਧੂ ਸਿੰਘ ਚਮੇਲੀ , ਆਤਮਾ ਸਿੰਘ, ਵਤਨਵੀਰ ਜ਼ਖਮੀ, ਬਲਵੰਤ ਰਾਏ ਗੱਖੜ, ਮੁਖਤਿਆਰ ਸਿੰਘ ਵੰਗੜ, ਜਗਦੀਪ ਹਸਰਤ , ਪਰਮਜੀਤ ਪੱਪੂ, ਹਰਸੰਗੀਤ ਸਿੰਘ ਗਿੱਲ ਆਦਿ ਨੇ ਭਾਗ ਲਿਆ। ਹਾਜ਼ਰ ਲੇਖਕਾਂ ਨੇ ਆਪੋ ਆਪਣੀਆਂ ਰਚਨਾਵਾਂ ਪੜ੍ਹੀਆਂ ਅਤੇ ਨਵੇਂ ਸਾਲ 2026 ਦੀ ਇੱਕ ਦੂਜੇ ਨੂੰ ਵਧਾਈ ਦਿੱਤੀ। ਇਕਬਾਲ ਘਾਰੂ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ ਸੇਖੋਂ ਦੀ ਮਾਰਚ ਅਪ੍ਰੈਲ 2026 ਵਿੱਚ ਕਰਵਾਈ ਜਾਣ ਵਾਲੀ ਚੋਣ ਅਤੇ ਕਾਨਫਰੰਸ ਵਿੱਚ ਭਾਗ ਲੈਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਕੁਝ ਸ਼ੋਕ ਮਤੇ ਵੀ ਪਾਏ ਗਏ ਜਿਨ੍ਹਾਂ ਵਿੱਚ ਪੰਜਾਬੀ ਸੰਗੀਤ ਜਗਤ ਦੀ ਨਾਮਵਰ ਸ਼ਖ਼ਸੀਅਤ ਜਨਾਬ ਪੂਰਨ ਸ਼ਾਹ ਕੋਟੀ, ਰੋਜ਼ਾਨਾ ਅਜੀਤ ਦੇ ਸਕੱਤਰ ਪ੍ਰਸਿੱਧ ਮਾਸਿਕ ਰਸਾਲੇ " ਤਸਵੀਰ " ਦੇ ਸੰਪਾਦਕ ਬੀਬੀ ਪ੍ਰਕਾਸ਼ ਕੌਰ ਹਮਦਰਦ, ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਮੈਂਬਰ ਪ੍ਰਸਿੱਧ ਕਵੀ ਬਲਬੀਰ ਜਲਾਲਾਬਾਦੀ ਅਤੇ ਡਾਕਟਰ ਐਸ . ਐਸ. ਬਰਾੜ ( ਬਰਾੜ ਕਲੀਨਿਕ ਕਾਲਜ ਰੋਡ ਫਰੀਦਕੋਟ) ਦੇ ਮਾਤਾ ਜੀ ਸ੍ਰੀਮਤੀ ਪ੍ਰਕਾਸ਼ ਕੌਰ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ।

## ਪਿੰਨੀ



ਦਾਦੀ ਮਾਤਾ ਮੇਰੀ ਚੰਗੀ ਕਿੰਨੀ,
ਮੈਨੂੰ ਖੁਆਉਂਦੀ ਹੈ ਰੋਜ਼ ਪਿੰਨੀ।
ਭੁੰਨਕੇ ਪਾਏ ਦਾਦੀ ਮਾਂ ਨੇ ਤਿਲ,
ਖਾਣ ਨੂੰ ਵਾਰ—ਵਾਰ ਕਰੇ ਦਿਲ।
ਘਰੋਂ ਕੱਢ ਕੇ ਪਾਇਆ ਹੈ ਖੋਆ,
ਸਰੀਰ ਨੂੰ ਰੱਖਦੀ ਪਿੰਨੀ ਨਰੋਆ।

ਸਵੇਰ—ਸ਼ਾਮ ਖਾਵਾਂ ਪਿੰਨੀਆਂ ਦੋ,
ਬਜ਼ਾਰੂ ਚੀਜ਼ਾਂ ਨੂੰ ਕਹਿ ਦਿੱਤੀ ਨੋ।
ਪੀਜ਼ਾ,ਬਰਗਰ ਕੀ ਕਰੂੰਗਾ ਰੀਸ,
ਪਿੰਨੀ ਜ਼ੋੜਾਂ ਵਿੱਚ ਭਰੇ ਗਰੀਸ।
ਖਾ ਕੇ ਨਾਂ ਲੱਗੇ ਫਿਰ ਛੇਤੀ ਭੁੱਖ,
ਪਿੰਨੀ ਸਰੀਰ ਦੇ ਦੂਰ ਕਰੇ ਦੁੱਖ।
ਪਾਇਆ ਦਾਦੀ ਨੇ ਦੇਸੀ ਘਿਓ,
ਬਿਸਕੁਟ, ਨੂਡਲ ਦੀ ਇਹ ਪਿਓ।
ਏਕਵੀਰਾ ਖਾਂਦੀ ਅਲਸੀ ਵਾਲੀ,
ਥਾਲ ਚੋਂ ਚੁੱਕਦੀ ਦੇਖ ਕੇ ਕਾਲੀ।
'ਚਮਨ' ਪਿੰਨੀ ਖਾਓ ਪੂਰੀ ਸਰਦੀ,
ਵੇਖਿਓ ਤੁਹਾਨੂੰ ਕਿੰਨੇ ਨਫੇ ਕਰਦੀ।

ਵਰਲਡ ਪੰਜਾਬੀ ਟਾਈਮਜ਼ ਚਮਨਦੀਪ ਸ਼ਰਮਾ

# ਸੌਂਹ ਵੱਡੇ ਮਹਾਰਾਜ ਦੀ (ਹਾਸਰਸ)

ਵਰਲਡ ਪੰਜਾਬੀ ਟਾਈਮਜ਼
ਰਵਨਜੋਤ ਕੌਰ ਸਿੱਧੂ

ਪਿੰਡ ਫੁੱਲੂਵਾਲਾ ਵਿੱਚ ਜੇਕਰ ਕਿਸੇ ਨੇ 'ਗੱਪ' ਦਾ ਵਿਸ਼ਵ ਕੋਸ਼ ਦੇਖਣਾ ਹੋਵੇ, ਤਾਂ ਉਹ ਗੱਜਣ ਸਿੰਘ ਦੇ ਦਰਸ਼ਨ ਕਰ ਲਵੇ। ਗੱਜਣ ਸਿੰਘ ਦਾ ਕਹਿਣਾ ਸੀ ਕਿ ਉਹ ਕਦੇ ਝੂਠ ਨਹੀਂ ਬੋਲਦਾ, ਬਸ ਉਸ ਦੀਆਂ ਗੱਲਾਂ ਦੀ 'ਸੱਚਾਈ' ਆਮ ਬੰਦੇ ਦੀ ਸਮਝ ਤੋਂ ਬਾਹਰ ਹੁੰਦੀ ਹੈ। ਉਸ ਦਾ ਸਭ ਤੋਂ ਵੱਡਾ ਹਥਿਆਰ ਸੀ ਉਸ ਦੀ ਸੌਂਹ— "ਸੌਂਹ ਵੱਡੇ ਮਹਾਰਾਜ ਦੀ!"।

ਜੂਨ ਦਾ ਮਹੀਨਾ ਸੀ ਅਤੇ ਸੂਰਜ ਅੱਗ ਵਰ੍ਹਾ ਰਿਹਾ ਸੀ। ਪਿੰਡ ਫੁੱਲੂਵਾਲਾ ਦੀ ਸੱਥ ਵਿੱਚ ਬੋਹੜ ਦੀ ਛਾਂ ਹੇਠਾਂ ਵੀ ਹਵਾ ਐਂ ਲੱਗ ਰਹੀ ਸੀ ਜਿਵੇਂ ਕੋਈ ਤੰਦੂਰ ਵਿੱਚੋਂ ਨਿਕਲ ਰਹੀ ਹੋਵੇ। ਪਿੰਡ ਦੇ ਬਜ਼ੁਰਗ ਤੇ ਵਿਹਲੇ ਬੰਦੇ ਹੱਥਾਂ ਵਾਲੀਆਂ ਪੱਖੀਆਂ ਝੱਲ ਰਹੇ ਸਨ। ਇੰਨੇ ਨੂੰ ਗੱਜਣ ਸਿੰਘ ਆਪਣਾ ਚਿੱਟਾ ਕੁੜਤਾ-ਪਜਾਮਾ ਲਿਸ਼ਕਾ ਕੇ, ਮੋਢੇ 'ਤੇ ਖੇਸ ਰੱਖ ਕੇ ਸ਼ਾਹੀ ਅੰਦਾਜ਼ ਵਿੱਚ ਉੱਥੇ ਪਹੁੰਚਿਆ।

ਗੱਜਣ ਦੇ ਚਿਹਰੇ 'ਤੇ ਪਸੀਨੇ ਦਾ ਇੱਕ ਤੁਪਕਾ ਵੀ ਨਹੀਂ ਸੀ। ਜੀਤੇ ਨੇ ਹੈਰਾਨ ਹੋ ਕੇ ਪੁੱਛਿਆ, "ਓਏ ਗੱਜਣ ਸਿਆਂ, ਐਨੀ ਗਰਮੀ 'ਚ ਤੂੰ ਐਂ ਫਿਰਦਾ ਜਿਵੇਂ ਫਰਿੱਜ 'ਚੋਂ ਨਿਕਲਿਆ ਹੋਵੇਂ। ਕੀ ਗੱਲ, ਘਰ ਚੱਕੀ ਲਾਈ ਐ ਕਿ ਏਸੀ ਲਵਾ ਲਿਆ?"

ਗੱਜਣ ਨੇ ਇੱਕ ਗੰਭੀਰ ਮੁਸਕਰਾਹਟ ਦਿੱਤੀ, ਮੁੱਛਾਂ ਨੂੰ ਵੱਟ ਚੜ੍ਹਾਇਆ ਤੇ ਬੋਲਿਆ, "ਓਏ ਜੀਤਿਆ, ਏਸੀ ਤਾਂ ਗਰੀਬ ਲੋਕ ਲਵਾਉਂਦੇ ਨੇ। ਅਸੀਂ ਤਾਂ ਕੁਦਰਤੀ ਜੁਗਾੜ ਕੀਤੇ ਹੋਏ ਨੇ। ਸਾਡੀ ਮੱਝ 'ਕਾਲੋ' ਪਤਾ ਤੈਨੂੰ ਕਿਹੜੀ ਨਸਲ ਦੀ ਐ? ਉਹਦਾ ਦਾਦਾ ਅਲਾਸਕਾ ਦੇ ਬਰਫ਼ੀਲੇ ਪਹਾੜਾਂ 'ਚੋਂ ਆਇਆ ਸੀ। ਸੌਂਹ ਵੱਡੇ ਮਹਾਰਾਜ ਦੀ!"

ਜੀਤਾ ਤੇ ਬਾਕੀ ਪਿੰਡ ਵਾਲੇ ਤਾਸ਼ ਛੱਡ ਕੇ ਗੱਜਣ ਵੱਲ ਦੇਖਣ ਲੱਗ ਪਏ। ਗੱਜਣ ਨੇ ਗੱਲ ਅੱਗੇ ਵਧਾਈ, "ਕੱਲ੍ਹ ਦੁਪਹਿਰੇ ਜਦੋਂ ਪਾਰਾ 48 ਡਿਗਰੀ ਸੀ, ਮੈਂ ਦੇਖਿਆ ਕਾਲੋ ਨੂੰ ਬਹੁਤ ਗਰਮੀ ਲੱਗ ਰਹੀ ਸੀ। ਉਹਨੇ ਕੀ ਕੀਤਾ... ਆਪਣੇ ਸਿੰਗਾਂ ਨੂੰ 360 ਡਿਗਰੀ ਦੇ ਐਂਗਲ 'ਤੇ ਘੁਮਾਉਣਾ ਸ਼ੁਰੂ ਕਰ ਦਿੱਤਾ। ਸਿੰਗ ਐਨੀ ਤੇਜ਼ ਘੁੰਮ ਰਹੇ ਸੀ ਕਿ ਮੱਝ ਦੇ ਆਲੇ-ਦੁਆਲੇ ਬਰਫ਼ ਦੀਆਂ ਕਣੀਆਂ ਡਿੱਗਣ ਲੱਗ ਪਈਆਂ। ਮੈਂ ਉਹਦੇ ਕੋਲ ਮੰਜਾ ਡਾਹ ਲਿਆ ਤੇ ਸੌਂਹ ਰੱਬ ਦੀ, ਮੈਨੂੰ ਰਜਾਈ ਲੈਣੀ ਪੈ ਗਈ! ਸੌਂਹ ਵੱਡੇ ਮਹਾਰਾਜ ਦੀ!"

ਪਿੰਡ ਦਾ ਅਮਲੀ, ਜੋ ਅੱਧੀਆਂ ਅੱਖਾਂ ਮੀਚ ਕੇ ਸੁਣ ਰਿਹਾ ਸੀ, ਬੋਲਿਆ, "ਗੱਜਣ ਸਿਆਂ, ਜੇ ਸਿੰਗ ਘੁੰਮਦੇ ਸੀ ਤਾਂ ਮੱਝ ਉੱਡ ਕੇ ਕੋਠੇ 'ਤੇ ਨਹੀਂ ਚੜ੍ਹ ਗਈ? ਉਹ ਤਾਂ ਹੈਲੀਕਾਪਟਰ ਬਣ ਗਈ ਹੋਣੀ ਐ।"

ਗੱਜਣ ਨੇ ਬਿਨਾਂ ਝਿਜਕ ਜਵਾਬ ਦਿੱਤਾ, "ਓਏ ਉਹਨੂੰ ਮੈਂ ਸੰਗਲ ਨਾਲ ਬੰਨ੍ਹਿਆ ਹੋਇਆ ਸੀ, ਨਹੀਂ ਤਾਂ ਉਹਨੇ ਤਾਂ ਉੱਡ ਕੇ ਸ਼ਿਮਲੇ ਚਲੇ ਜਾਣਾ ਸੀ। ਪਰ ਅਸਲੀ ਗੱਲ ਤਾਂ ਹੁਣ ਸੁਣੋ! ਸ਼ਾਮ ਨੂੰ ਜਦੋਂ ਮੈਂ ਉਹਨੂੰ ਚੋਣ ਲੱਗਿਆ, ਤਾਂ ਬਾਲਟੀ 'ਚ ਦੁੱਧ ਨਹੀਂ ਸੀ ਡਿੱਗ ਰਿਹਾ। ਜਿਵੇਂ ਹੀ ਮੈਂ ਉਹਦੀ ਧਾਰ ਕੱਢੀ, ਬਾਲਟੀ ਵਿੱਚੋਂ 'ਵਨੀਲਾ ਆਈਸਕ੍ਰੀਮ' ਦੇ ਸਕੂਪ ਨਿਕਲਣ ਲੱਗ ਪਏ। ਮੈਂ ਨਸੀਬੋ ਨੂੰ ਕਿਹਾ—ਭਾਗਵਾਨੇ! ਚੱਮਚ ਲੈ ਕੇ ਆ, ਅੱਜ ਦੁੱਧ ਨਹੀਂ ਕੁਲਫੀਆਂ ਖਾਵਾਂਗੇ। ਸੌਂਹ ਵੱਡੇ ਮਹਾਰਾਜ ਦੀ!"

ਜੀਤਾ ਹੱਸਦੇ ਹੋਏ ਬੋਲਿਆ, "ਅੱਛਾ! ਫਿਰ ਤਾਂ ਚਾਹ ਵੀ ਆਈਸਕ੍ਰੀਮ ਦੀ ਬਣਾਉਂਦੇ ਹੋਵੋਗੇ?"

ਗੱਜਣ ਨੇ ਮੋਢਾ ਮਾਰਿਆ, "ਚਾਹ ਕਾਹਦੀ ਓਏ! ਮੈਂ ਤਾਂ ਉਹ 'ਧਾਰ' ਸਿੱਧੀ ਮੂੰਹ 'ਚ ਪੁਆ ਲਈ। ਮੇਰੀ ਤਾਂ ਜੀਭ ਜੰਮ ਗਈ। ਫਿਰ ਮੈਂ ਅੱਧਾ ਘੰਟਾ ਧੁੱਪੇ ਬੈਠਾ, ਉਦੋਂ ਕਿਤੇ ਜਾ ਕੇ ਮੇਰਾ ਜਬਾੜਾ ਖੁੱਲ੍ਹਿਆ। ਲੋਕ ਕਹਿੰਦੇ ਨੇ ਗੱਜਣ ਗੱਪ ਮਾਰਦਾ, ਪਰ ਭਰਾਵੋ, ਜੇ ਯਕੀਨ ਨਹੀਂ ਆਉਂਦਾ ਤਾਂ ਕੱਲ੍ਹ ਆ ਕੇ ਸਾਡੀ ਮੱਝ ਦੇ ਸਿੰਗਾਂ 'ਤੇ ਆਪਣੇ ਮੋਬਾਈਲ ਚਾਰਜ ਕਰ ਲਿਓ, ਕਿਉਂਕਿ ਉਹ ਘੁੰਮਦੇ ਹੋਏ ਬਿਜਲੀ ਵੀ ਬਣਾਉਂਦੀ ਐ। ਸੌਂਹ ਵੱਡੇ ਮਹਾਰਾਜ ਦੀ!"

ਸਾਰੀ ਸੱਥ ਹਾਸੇ ਨਾਲ ਗੂੰਜ ਉੱਠੀ। ਜੀਤੇ ਨੇ ਸਿਰ ਫੜ ਲਿਆ ਤੇ ਗੱਜਣ ਆਪਣੇ ਕੁੜਤੇ ਦੇ ਬਟਨ ਠੀਕ ਕਰਦਾ ਹੋਇਆ ਬੋਲਿਆ, "ਚਲੋ, ਹੁਣ ਮੈਂ ਚੱਲਿਆ... ਕਾਲੋ ਦੇ ਸਿੰਗਾਂ ਦੀ ਸਰਵਿਸ ਕਰਨੀ ਐ, ਤੇਲ ਦੇਣਾ ਭੁੱਲ ਗਿਆ ਸੀ। ਸੌਂਹ ਵੱਡੇ ਮਹਾਰਾਜ ਦੀ!"

ਗੱਜਣ ਸਿੰਘ ਦੀ ਇਹ ਮੱਝ ਹੁਣ ਪੂਰੇ ਇਲਾਕੇ ਵਿੱਚ ਮਸ਼ਹੂਰ ਹੋ ਗਈ ਸੀ, ਪਰ ਅਸਲੀਅਤ ਇਹ ਸੀ ਕਿ ਜਦੋਂ ਉਹ ਘਰ ਪਹੁੰਚਿਆ, ਤਾਂ ਮੱਝ ਨੇ ਉਹਨੂੰ ਇੱਕ ਐਸੀ ਲੱਤ ਮਾਰੀ ਕਿ ਗੱਜਣ ਦੀ 'ਏਸੀ' ਵਾਲੀ ਹਵਾ ਨਿਕਲ ਗਈ!

ਇੱਕ ਦਿਨ ਪਿੰਡ ਵਿੱਚ ਚਰਚਾ ਚੱਲ ਰਹੀ ਸੀ ਕਿ ਸਰਪੰਚ ਦਾ ਮੁੰਡਾ ਅਮਰੀਕਾ ਜਾਣ ਲਈ ਵੀਜ਼ਾ ਲਵਾ ਰਿਹਾ ਹੈ। ਸਾਰੇ ਲੋਕ ਅਮਰੀਕਾ ਦੀਆਂ ਗੱਲਾਂ ਕਰ ਰਹੇ ਸੀ—ਡਾਲਰ, ਗੋਰੇ ਤੇ ਵੱਡੀਆਂ ਇਮਾਰਤਾਂ। ਗੱਜਣ ਸਿੰਘ ਚੁੱਪ-ਚਾਪ ਸੁਣਦਾ ਰਿਹਾ, ਫਿਰ ਉਸ ਨੇ ਇੱਕ ਲੰਮਾ ਹਉਕਾ ਭਰਿਆ ਤੇ ਬੋਲਿਆ:

"ਓਏ ਵੀਜ਼ਾ ਤਾਂ ਉਹ ਲਵਾਉਣ ਜਿਨ੍ਹਾਂ ਨੂੰ ਕੋਈ ਜਾਣਦਾ ਨਾ ਹੋਵੇ। ਸਾਡੀ ਨਸੀਬੋ (ਗੱਜਣ ਦੀ ਘਰਵਾਲੀ) ਦਾ ਤਾਂ ਉੱਥੇ ਸਿੱਧਾ ਦਬਦਬਾ ਹੈ। ਅਸਲ ਵਿੱਚ ਨਸੀਬੋ ਦੀ ਮਾਸੀ ਦੀ ਕੁੜੀ ਦਾ ਜੇਠ, ਅਮਰੀਕਾ ਦੇ ਰਾਸ਼ਟਰਪਤੀ ਦਾ ਖਾਸ ਸਲਾਹਕਾਰ ਹੈ। ਸੌਂਹ ਵੱਡੇ ਮਹਾਰਾਜ ਦੀ!"

ਜੀਤੇ ਨੇ ਤਾਸ਼ ਸੁੱਟਦਿਆਂ ਕਿਹਾ, "ਗੱਜਣ ਸਿਆਂ, ਨਸੀਬੋ ਭਾਬੀ ਨੇ ਤਾਂ ਕਦੇ ਪਿੰਡ ਦੀ ਜੂਹ ਨਹੀਂ ਟੱਪੀ, ਉਹ ਅਮਰੀਕਾ ਵਾਲਿਆਂ ਦੀ ਰਿਸ਼ਤੇਦਾਰ ਕਿਵੇਂ ਹੋ ਗਈ?"

ਗੱਜਣ ਨੇ ਆਪਣੀ ਖੇਸ ਦੀ ਬੁੱਕਲ ਸਵਾਰੀ ਤੇ ਬੋਲਿਆ, "ਜੀਤਿਆ, ਰਿਸ਼ਤੇਦਾਰੀਆਂ ਦੱਸ ਕੇ ਨਹੀਂ ਕੀਤੀਆਂ ਜਾਂਦੀਆਂ। ਕੱਲ੍ਹ ਰਾਤ ਦੀ ਹੀ ਗੱਲ ਹੈ, ਮੈਂ ਤੇ ਨਸੀਬੋ ਵਿਹੜੇ ਵਿੱਚ ਸੁੱਤੇ ਸੀ। ਅਚਾਨਕ ਨਸੀਬੋ ਦੇ ਨੋਕੀਆ ਵਾਲੇ ਫੋਨ 'ਤੇ ਘੰਟੀ ਵੱਜੀ। ਮੈਂ ਦੇਖਿਆ—ਨੰਬਰ ਬਹੁਤ ਲੰਮਾ ਸੀ, ਅੱਗੇ ਪਲੱਸ-ਪਲੱਸ ਲੱਗਿਆ ਹੋਇਆ। ਮੈਂ ਚੁੱਕਿਆ ਤਾਂ ਅੱਗੋਂ ਅੰਗਰੇਜ਼ੀ 'ਚ ਆਵਾਜ਼ ਆਈ—'ਹੈਲੋ ਗੱਜਣ ਬਾਈ, ਹਾਓ ਆਰ ਯੂ?' ਮੈਂ ਪਛਾਣ ਲਿਆ, ਉਹ ਤਾਂ ਅਮਰੀਕਾ ਦਾ ਰਾਸ਼ਟਰਪਤੀ ਸੀ! ਸੌਂਹ ਵੱਡੇ ਮਹਾਰਾਜ ਦੀ!"

ਪਿੰਡ ਦਾ ਚੌਕੀਦਾਰ ਹੱਸ ਕੇ ਬੋਲਿਆ, "ਰਾਸ਼ਟਰਪਤੀ ਤੈਨੂੰ ਪੰਜਾਬੀ 'ਚ ਬਾਈ ਕਹਿ ਰਿਹਾ ਸੀ?"

ਗੱਜਣ ਨੇ ਘੂਰੀ ਵੱਟੀ, "ਓਏ ਉਹਨੇ ਗੂਗਲ ਟ੍ਰਾਂਸਲੇਟਰ ਲਾਇਆ ਹੋਣਾ। ਉਹ ਕਹਿੰਦਾ—'ਬਾਈ, ਸੁਣਿਆ ਤੁਹਾਡੀ ਮੱਝ ਕਾਲੋ ਬਹੁਤ ਵਧੀਆ ਕੁਲਫੀਆਂ ਕੱਢਦੀ ਹੈ, ਸਾਡੇ ਜੁਆਕਾਂ ਨੇ ਪਾਰਟੀ ਕਰਨੀ ਹੈ, ਥੋੜ੍ਹਾ ਜਿਹਾ ਸਾਮਾਨ ਭੇਜ ਦਿਓ।' ਹੁਣ ਭਰਾਵੋ, ਰਿਸ਼ਤੇਦਾਰੀ ਦਾ ਸਵਾਲ ਸੀ। ਮੈਂ ਨਸੀਬੋ ਨੂੰ ਉਠਾਇਆ, ਉਹਨੇ ਫਟਾਫਟ ਦੋ ਡੱਬੇ ਕੁਲਫੀਆਂ ਦੇ ਪੈਕ ਕੀਤੇ। ਹੁਣ ਮੁਸ਼ਕਿਲ ਇਹ ਸੀ ਕਿ ਜਹਾਜ਼ ਤਾਂ ਸਵੇਰੇ ਆਉਣਾ ਸੀ ਤੇ ਕੁਲਫੀਆਂ ਰਾਤ ਨੂੰ ਚਾਹੀਦੀਆਂ ਸਨ। ਸੌਂਹ ਵੱਡੇ ਮਹਾਰਾਜ ਦੀ!"

ਜੀਤੇ ਨੇ ਪੁੱਛਿਆ, "ਫਿਰ ਕੀ ਕੀਤਾ? ਕੋਈ ਕਬੂਤਰ ਭੇਜਿਆ?"

ਗੱਜਣ ਬੋਲਿਆ, "ਕਬੂਤਰ ਕੀ ਕਰੂ ਓਏ! ਮੈਂ ਆਪਣਾ ਉਹ ਪੁਰਾਣਾ 1980 ਮਾਡਲ ਵਾਲਾ 'ਹੀਰੋ' ਸਾਈਕਲ ਕੱਢਿਆ। ਉਹਨੂੰ ਤੇਲ-ਪਾਣੀ ਦਿੱਤਾ। ਮੈਂ ਸਾਈਕਲ ਦੇ ਦੋਵਾਂ ਹੈਂਡਲਾਂ 'ਤੇ ਦੋ ਵੱਡੇ-ਵੱਡੇ ਛਾਬੇ ਬੰਨ੍ਹ ਦਿੱਤੇ। ਮੈਂ ਨਸੀਬੋ ਨੂੰ ਕਿਹਾ—'ਪਿੱਛੇ ਫੜ ਕੇ ਬਹਿ ਜਾ।' ਮੈਂ ਪੈਡਲਾਂ 'ਤੇ ਐਨੀ ਤੇਜ਼ ਲੱਤ ਮਾਰੀ ਕਿ ਸਾਈਕਲ ਦੀ ਚੇਨ 'ਚੋਂ ਅੱਗ ਦੀਆਂ ਲਾਟਾਂ ਨਿਕਲਣ ਲੱਗ ਪਈਆਂ। ਜਦੋਂ ਸਾਈਕਲ 120 ਦੀ ਸਪੀਡ 'ਤੇ ਪਹੁੰਚਿਆ, ਮੈਂ ਹੈਂਡਲ ਥੋੜ੍ਹਾ ਜਿਹਾ ਉੱਪਰ ਨੂੰ ਖਿੱਚਿਆ ਤੇ ਸਾਈਕਲ ਸਿੱਧਾ ਬਾਦਲਾਂ 'ਚ ਵੜ ਗਿਆ! ਸੌਂਹ ਵੱਡੇ ਮਹਾਰਾਜ ਦੀ!"

ਸਾਰੀ ਸੱਥ 'ਚ ਸੰਨਾਟਾ ਛਾ ਗਿਆ। ਗੱਜਣ ਨੇ ਜਾਰੀ ਰੱਖਿਆ, "ਰਾਹ 'ਚ ਇੱਕ ਜਹਾਜ਼ ਮਿਲਿਆ। ਪਾਇਲਟ ਨੇ ਖਿੜਕੀ ਖੋਲ੍ਹ ਕੇ ਪੁੱਛਿਆ—'ਗੱਜਣ ਸਿਆਂ, ਕਿੱਥੇ ਚੱਲੇ ਹੋ ਐਨੀ ਤੇਜ਼?' ਮੈਂ ਕਿਹਾ—'ਪਾਸੇ ਹੋ ਜਾ ਓਏ, ਅਮਰੀਕਾ ਕੁਲਫੀਆਂ ਪਹੁੰਚਾਉਣੀਆਂ ਨੇ, ਰਾਸ਼ਟਰਪਤੀ ਉਡੀਕਦਾ ਹੋਣਾ।' ਮੈਂ ਸਾਈਕਲ ਐਂ ਭਜਾਇਆ ਜਿਵੇਂ ਪਿੰਡ ਦੀ ਪੱਕੀ ਸੜਕ ਹੋਵੇ। ਸਮੁੰਦਰ ਉੱਤੋਂ ਲੰਘਦਿਆਂ ਮੈਂ ਇੱਕ ਵੱਡੀ ਵ੍ਹੇਲ ਮੱਛੀ ਨੂੰ 'ਹੈਲੋ' ਵੀ ਕੀਤੀ। ਸੌਂਹ ਵੱਡੇ ਮਹਾਰਾਜ ਦੀ!"

ਜੀਤੇ ਨੇ ਹੱਸ-ਹੱਸ ਕੇ ਢਿੱਡ ਫੜ ਲਿਆ, "ਤੇ ਰਾਸ਼ਟਰਪਤੀ ਨੇ ਕੀ ਦਿੱਤਾ ਫਿਰ?"

ਗੱਜਣ ਨੇ ਮਾਣ ਨਾਲ ਕਿਹਾ, "ਉਹਨੇ ਮੈਨੂੰ 'ਗ੍ਰੀਨ ਕਾਰਡ' ਦੇਣਾ ਚਾਹਿਆ, ਪਰ ਮੈਂ ਕਿਹਾ—'ਓਏ ਰਾਸ਼ਟਰਪਤੀਆ, ਸਾਨੂੰ ਸਾਡਾ ਫੁੱਲੂਵਾਲਾ ਹੀ ਚੰਗਾ ਹੈ, ਇੱਥੇ ਜੀਤਾ ਮੇਰੀਆਂ ਗੱਲਾਂ ਦੀ ਉਡੀਕ ਕਰਦਾ ਹੁੰਦਾ।' ਉਹਨੇ ਫਿਰ ਮੈਨੂੰ ਇੱਕ ਖਾਸ ਅਮਰੀਕੀ ਪੰਪ ਦਿੱਤਾ ਸਾਈਕਲ 'ਚ ਹਵਾ ਭਰਨ ਲਈ, ਜਿਹੜਾ ਅੱਜਕੱਲ੍ਹ ਨਸੀਬੋ ਨੇ ਸੂਈਆਂ (ਧਾਗਾ) ਰੱਖਣ ਲਈ ਵਰਤਿਆ ਹੋਇਆ। ਸੌਂਹ ਵੱਡੇ ਮਹਾਰਾਜ ਦੀ!"

ਅਜੇ ਗੱਜਣ ਦੀ ਗੱਪ ਖਤਮ ਹੀ ਹੋਈ ਸੀ ਕਿ ਪਿੱਛੋਂ ਨਸੀਬੋ ਆਉਂਦੀ ਦਿਖਾਈ ਦਿੱਤੀ। ਉਹਨੇ ਉੱਚੀ ਦੇਣੀ ਕਿਹਾ, "ਵੇ ਗੱਜਣ ਸਿਆਂ! ਤੇਰਾ ਉਹ 'ਅਮਰੀਕੀ ਸਾਈਕਲ' ਪੰਚਰ ਹੋਇਆ ਖੜ੍ਹਾ ਹੈ ਤੇ ਤੂੰ ਇੱਥੇ ਅਸਮਾਨੀ ਗੋਲੇ ਛੱਡ ਰਿਹਾ ਹੈਂ? ਚੱਲ ਘਰ ਨੂੰ, ਚਾਹ ਬਣਾ ਦਿੱਤੀ ਹੈ!"

ਗੱਜਣ ਨੇ ਜੀਤੇ ਵੱਲ ਦੇਖਿਆ ਤੇ ਅੱਖ ਮਾਰ ਕੇ ਬੋਲਿਆ, "ਦੇਖਿਆ ਜੀਤਿਆ? ਰਾਸ਼ਟਰਪਤੀ ਦੀ ਰਿਸ਼ਤੇਦਾਰੀ ਐ, ਰੋਅਬ ਤਾਂ ਹੋਊਗਾ ਹੀ! ਚਾਹ ਵੀ ਹੁਣ ਅੰਗਰੇਜ਼ੀ ਸਟਾਈਲ 'ਚ ਪੀਣੀ ਪੈਣੀ ਐ। ਸੌਂਹ ਵੱਡੇ ਮਹਾਰਾਜ ਦੀ!"

ਆਓ ਹੁਣ ਗੱਜਣ ਸਿੰਘ ਦੇ ਉਸ 'ਭਾਵੁਕ' ਗੱਪ ਦਾ ਅਨੰਦ ਮਾਣਦੇ ਹਾਂ, ਜਿਸ ਵਿੱਚ ਉਸ ਨੇ ਸਬਜ਼ੀਆਂ ਨੂੰ ਵੀ ਇਨਸਾਨਾਂ ਵਾਂਗ ਗੱਲਾਂ ਕਰਨ ਲਾ ਦਿੱਤਾ ਸੀ।

ਇੱਕ ਵਾਰ ਦੀ ਗੱਲ ਹੈ, ਗੱਜਣ ਸਿੰਘ ਤੇ ਜੀਤਾ ਕਿਸੇ ਕੰਮ ਲਈ ਸ਼ਹਿਰ ਗਏ। ਸ਼ਹਿਰ ਦੀ ਭੀੜ-ਭੜੱਕੇ ਵਾਲੀ ਗਲੀ ਵਿੱਚੋਂ ਲੰਘਦਿਆਂ 'ਬਿੱਲੂ ਹਲਵਾਈ' ਦੀ ਮਸ਼ਹੂਰ ਦੁਕਾਨ ਆਈ। ਕੜਾਹੀ ਵਿੱਚੋਂ ਗਰਮ-ਗਰਮ, ਲਾਲ-ਸੁਰਖ਼ ਸਮੋਸੇ ਨਿਕਲ ਰਹੇ ਸਨ, ਜਿਨ੍ਹਾਂ ਦੀ ਖ਼ੁਸ਼ਬੂ ਪੂਰੇ ਬਾਜ਼ਾਰ ਵਿੱਚ ਫੈਲੀ ਹੋਈ ਸੀ।

ਜੀਤਾ ਬੋਲਿਆ, "ਗੱਜਣ ਸਿਆਂ, ਭੁੱਖ ਬੜੀ ਲੱਗੀ ਐ, ਚੱਲ ਅੱਜ ਸਮੋਸੇ ਖਾਂਦੇ ਹਾਂ।"

ਗੱਜਣ ਨੇ ਜੇਬ੍ਹ 'ਚੋਂ ਪੰਜਾਹ ਦਾ ਨੋਟ ਕੱਢਿਆ (ਜੋ ਕਾਫੀ ਪੁਰਾਣਾ ਤੇ ਮਰੋੜਿਆ ਹੋਇਆ ਸੀ) ਤੇ ਬੜੀ ਟੌਹਰ ਨਾਲ ਹਲਵਾਈ ਨੂੰ ਕਿਹਾ, "ਓਏ ਬਿੱਲੂ ਰਾਮ! ਦੋ ਸਮੋਸੇ ਲਾ ਦੇ, ਪਰ ਦੇਖੀਂ... ਆਲੂ ਜ਼ਰਾ ਸਿਆਣੇ ਪਾਈਂ। ਸੌਂਹ ਵੱਡੇ ਮਹਾਰਾਜ ਦੀ!"

ਬਿੱਲੂ ਹਲਵਾਈ ਹੱਸ ਪਿਆ, "ਗੱਜਣ ਸਿਆਂ, ਆਲੂ ਸਿਆਣੇ ਜਾਂ ਮੂਰਖ ਕਿਵੇਂ ਹੁੰਦੇ ਨੇ?"

ਗੱਜਣ ਨੇ ਜਵਾਬ ਨਾ ਦਿੱਤਾ ਤੇ ਸਮੋਸਾ ਚੁੱਕ ਕੇ ਸਿੱਧਾ ਮੂੰਹ ਵਿੱਚ ਪਾ ਲਿਆ। ਅਜੇ ਦੋ ਹੀ ਬੁਰਕੀਆਂ ਲਈਆਂ ਸਨ ਕਿ ਗੱਜਣ ਦੀਆਂ ਅੱਖਾਂ 'ਚੋਂ ਹੰਝੂਆਂ ਦੀਆਂ ਧਾਰਾਂ ਵਹਿਣ ਲੱਗ ਪਈਆਂ। ਉਹ ਬਿਨਾਂ ਕੁਝ ਬੋਲੇ ਥੱਲੇ ਬੈਠ ਗਿਆ ਤੇ ਡੂੰਘੀਆਂ ਸੋਚਾਂ ਵਿੱਚ ਪੈ ਗਿਆ।

ਜੀਤਾ ਘਬਰਾ ਗਿਆ, "ਕੀ ਹੋਇਆ ਗੱਜਣ ਸਿਆਂ? ਕੀ ਮਿਰਚ ਲੱਗ ਗਈ ਜਾਂ ਜੀਭ ਮੱਚ ਗਈ?"

ਗੱਜਣ ਨੇ ਇੱਕ ਲੰਮਾ ਹਉਕਾ ਭਰਿਆ, ਨੱਕ ਪੂੰਝਿਆ ਤੇ ਬੋਲਿਆ, "ਓਏ ਜੀਤਿਆ, ਮਿਰਚ ਤਾਂ ਕੁਝ ਵੀ ਨਹੀਂ... ਅਸਲ ਵਿੱਚ ਜਦੋਂ ਮੈਂ ਸਮੋਸਾ ਤੋੜ ਕੇ ਪਹਿਲੀ ਬੁਰਕੀ ਮੂੰਹ 'ਚ ਪਾਈ, ਤਾਂ ਅੰਦਰੋਂ ਇੱਕ ਆਲੂ ਦਾ ਟੁਕੜਾ ਬੋਲਿਆ। ਉਹਨੇ ਬੜੀ ਮਾਸੂਮ ਆਵਾਜ਼ 'ਚ ਕਿਹਾ—'ਗੱਜਣ ਬਾਈ, ਪਛਾਣ ਲਿਆ? ਮੈਂ ਤੇਰੇ ਖੇਤ ਦੇ ਪਿਛਲੇ ਕੋਨੇ ਵਾਲੀ ਵੱਟ 'ਤੇ ਉੱਗਿਆ ਸੀ। ਜਦੋਂ ਤੂੰ ਮੈਨੂੰ ਗੋਡੀ ਕਰਦਾ ਹੁੰਦਾ ਸੀ, ਮੈਂ ਤੈਨੂੰ ਦੇਖ ਕੇ ਮੁਸਕਰਾਉਂਦਾ ਸੀ।' ਜੀਤਿਆ, ਮੈਂ ਭਾਵੁਕ ਹੋ ਗਿਆ। ਮੈਂ ਆਪਣੇ ਹੀ ਪਾਲੇ ਹੋਏ ਆਲੂ ਨੂੰ ਖਾ ਗਿਆ! ਸੌਂਹ ਵੱਡੇ ਮਹਾਰਾਜ ਦੀ!"

ਹਲਵਾਈ ਨੇ ਕੜਛੀ ਰੋਕ ਲਈ ਤੇ ਜੀਤਾ ਅੱਖਾਂ ਪਾੜ ਕੇ ਦੇਖਣ ਲੱਗਾ। ਜੀਤਾ ਬੋਲਿਆ, "ਗੱਜਣ ਸਿਆਂ, ਆਲੂ ਕਦੋਂ ਤੋਂ ਗੱਲਾਂ ਕਰਨ ਲੱਗ ਪਏ? ਉਹ ਵੀ ਪੰਜਾਬੀ 'ਚ?"

ਗੱਜਣ ਨੇ ਆਪਣੀ ਛਾਤੀ 'ਤੇ ਹੱਥ ਰੱਖਿਆ, "ਓਏ ਜੀਤਿਆ, ਇਹ ਸਭ ਪਿਆਰ ਦੀ ਗੱਲ ਐ। ਮੈਂ ਆਪਣੇ ਖੇਤ ਵਿੱਚ ਰੇਡੀਓ ਨਹੀਂ ਲਾਇਆ ਹੋਇਆ? ਮੈਂ ਉਹਨਾਂ ਨੂੰ ਰੋਜ਼ 'ਆਕਾਸ਼ਵਾਣੀ' ਸੁਣਾਉਂਦਾ ਹਾਂ। ਸਾਡੀਆਂ ਮੂਲੀਆਂ ਤਾਂ ਅੱਜਕੱਲ੍ਹ ਨਿਊਜ਼ ਪੜ੍ਹਦੀਆਂ ਨੇ। ਕੱਲ੍ਹ ਇੱਕ ਗਾਜਰ ਮੈਨੂੰ ਕਹਿੰਦੀ—'ਬਾਈ, ਅੱਜ ਮੌਸਮ ਸਾਫ ਐ, ਪਾਣੀ ਨਾ ਲਾਈਂ।' ਮੈਂ ਉਹਦੀ ਗੱਲ ਮੰਨ ਲਈ। ਸੌਂਹ ਵੱਡੇ ਮਹਾਰਾਜ ਦੀ!"

ਬਿੱਲੂ ਹਲਵਾਈ ਨੇ ਮਜ਼ਾਕ ਕਰਦਿਆਂ ਪੁੱਛਿਆ, "ਅੱਛਾ ਗੱਜਣ ਸਿਆਂ, ਜੇ ਆਲੂ ਐਨੇ ਸਿਆਣੇ ਨੇ, ਤਾਂ ਚਟਨੀ ਵਾਲੇ ਪੁਦੀਨੇ ਨੇ ਕੁਝ ਨਹੀਂ ਕਿਹਾ?"

ਗੱਜਣ ਨੇ ਗੰਭੀਰ ਹੋ ਕੇ ਕਿਹਾ, "ਪੁਦੀਨਾ ਥੋੜ੍ਹਾ ਖਰ੍ਹਵੇ ਸੁਭਾਅ ਦਾ ਸੀ। ਉਹ ਕਹਿੰਦਾ—'ਬਾਈ, ਮੈਨੂੰ ਕੂੰਡੇ 'ਚ ਬਹੁਤ ਕੁੱਟਿਆ ਐ, ਮੇਰਾ ਬਦਲਾ ਲਈਂ।' ਮੈਂ ਉਹਨੂੰ ਸ਼ਾਂਤ ਕੀਤਾ। ਮੈਂ ਕਿਹਾ—'ਓਏ ਪੁਦੀਨਿਆ, ਇਹ ਤਾਂ ਸ਼ਹਿਰ ਐ, ਇੱਥੇ ਐਂ ਹੀ ਹੁੰਦਾ।' ਫਿਰ ਉਹ ਮੈਨੂੰ 'ਸਤਿ ਸ੍ਰੀ ਅਕਾਲ' ਕਹਿ ਕੇ ਅੰਦਰ ਲੰਘ ਗਿਆ। ਸੌਂਹ ਵੱਡੇ ਮਹਾਰਾਜ ਦੀ!"

ਜੀਤੇ ਨੇ ਸਿਰ ਫੜ ਲਿਆ ਤੇ ਹਲਵਾਈ ਨੂੰ ਕਿਹਾ, "ਬਿੱਲੂ ਸਿਆਂ, ਇਹਨੂੰ ਇੱਕ ਸਮੋਸਾ ਹੋਰ ਦੇ ਦੇ, ਕਿਤੇ ਇਹ ਪਹਿਲੇ ਆਲੂ ਦੇ ਅਫ਼ਸੋਸ 'ਚ ਭੁੱਖਾ ਹੀ ਨਾ ਰਹਿ ਜਾਵੇ।"

ਗੱਜਣ ਨੇ ਦੂਜਾ ਸਮੋਸਾ ਚੁੱਕਿਆ ਤੇ ਬੋਲਿਆ, "ਨਹੀਂ ਜੀਤਿਆ, ਹੁਣ ਮੈਂ ਇਹਨੂੰ ਬੜੇ ਸਤਿਕਾਰ ਨਾਲ ਖਾਵਾਂਗਾ। ਮੈਂ ਇਸ ਆਲੂ ਨੂੰ ਵਾਅਦਾ ਕੀਤਾ ਹੈ ਕਿ ਇਹਨੂੰ ਮੈਂ ਆਪਣੇ ਖੇਤ ਦੀ ਮਿੱਟੀ 'ਚ ਹੀ ਸੈਰ ਕਰਵਾਵਾਂਗਾ (ਢਿੱਡ ਰਾਹੀਂ)। ਸੌਂਹ ਵੱਡੇ ਮਹਾਰਾਜ ਦੀ!"

ਦੁਕਾਨ 'ਤੇ ਖੜ੍ਹੇ ਸਾਰੇ ਗਾਹਕ ਹੱਸ-ਹੱਸ ਕੇ ਦੂਹਰੇ ਹੋ ਗਏ। ਗੱਜਣ ਨੇ ਸਮੋਸਾ ਖ਼ਤਮ ਕੀਤਾ ਤੇ ਜੀਤੇ ਨੂੰ ਕਿਹਾ, "ਜੀਤਿਆ, ਚੱਲ ਹੁਣ... ਖੇਤ ਵਾਲੇ ਬੈਂਗਣ ਉਡੀਕਦੇ ਹੋਣਗੇ, ਅੱਜ ਉਹਨਾਂ ਨੂੰ 'ਬੀਬੀਸੀ' ਦੀਆਂ ਖਬਰਾਂ ਸੁਣਾਉਣੀਆਂ ਨੇ। ਸੌਂਹ ਵੱਡੇ ਮਹਾਰਾਜ ਦੀ!"

ਗੱਜਣ ਸਿੰਘ ਨੇ ਸ਼ਹਿਰ ਵਿੱਚ ਇਹ ਗੱਲ ਐਨੀ ਫੈਲਾ ਦਿੱਤੀ ਕਿ ਅਗਲੇ ਦਿਨ ਕਈ ਲੋਕ ਹਲਵਾਈ ਕੋਲ ਆ ਕੇ ਪੁੱਛਣ ਲੱਗੇ—"ਕਿਉਂ ਬਿੱਲੂ ਬਾਈ! ਕੋਈ 'ਬੋਲਣ ਵਾਲਾ ਸਮੋਸਾ' ਬਾਕੀ ਹੈ?"

ਆਓ ਹੁਣ ਗੱਜਣ ਸਿੰਘ ਦੀ ਉਸ 'ਕਰਾਰੀ ਹਾਰ' ਦਾ ਅਨੰਦ ਮਾਣਦੇ ਹਾਂ, ਜਿੱਥੇ ਜੀਤੇ ਨੇ ਗੱਜਣ ਦੇ ਨਹਿਲੇ 'ਤੇ ਦਹਿਲਾ ਮਾਰਿਆ ਸੀ।

ਪਿੰਡ ਵਿੱਚ ਹੁਣ ਗੱਜਣ ਸਿੰਘ ਦੀਆਂ ਗੱਪਾਂ ਦਾ ਰੋਅਬ ਐਨਾ ਵਧ ਗਿਆ ਸੀ ਕਿ ਲੋਕਾਂ ਨੇ ਅਖ਼ਬਾਰ ਪੜ੍ਹਨਾ ਛੱਡ ਦਿੱਤਾ ਸੀ, ਕਿਉਂਕਿ ਗੱਜਣ ਦੀਆਂ ਗੱਲਾਂ ਜ਼ਿਆਦਾ 'ਮਨੋਰੰਜਕ' ਹੁੰਦੀਆਂ ਸਨ। ਜੀਤੇ ਨੂੰ ਲੱਗਿਆ ਕਿ ਜੇ ਅੱਜ ਗੱਜਣ ਨੂੰ ਨਾ ਰੋਕਿਆ, ਤਾਂ ਇਹਨੇ ਕੱਲ੍ਹ ਨੂੰ ਕਹਿ ਦੇਣਾ ਕਿ ਚੰਦਰਮਾ 'ਤੇ ਸਾਡੀ ਨਸੀਬੋ ਨੇ ਗੋਹੇ ਪੱਥੇ ਹੋਏ ਨੇ।

ਸ਼ਾਮ ਨੂੰ ਸੱਥ ਵਿੱਚ ਪੂਰਾ ਇਕੱਠ ਸੀ। ਗੱਜਣ ਸਿੰਘ ਆਪਣੀ ਡਾਂਗ 'ਤੇ ਹੱਥ ਰੱਖ ਕੇ ਬੈਠਾ ਸੀ। ਜੀਤਾ ਹੌਲੀ ਜਿਹੀ ਬੋਲਿਆ, "ਗੱਜਣ ਸਿਆਂ, ਤੇਰੀਆਂ ਗੱਲਾਂ ਤਾਂ ਸਿਰੇ ਹੁੰਦੀਆਂ ਨੇ, ਪਰ ਕੱਲ੍ਹ ਰਾਤ ਮੇਰੇ ਨਾਲ ਜੋ ਹੋਇਆ, ਉਹ ਸੁਣ ਕੇ ਤੇਰੀ ਵੀ 'ਸੌਂਹ' ਗੁਆਚ ਜਾਣੀ ਐ।"

ਗੱਜਣ ਨੇ ਮੁੱਛ ਨੂੰ ਵੱਟ ਦਿੱਤਾ, "ਓਏ ਜੀਤਿਆ! ਮੇਰੇ ਹੁੰਦਿਆਂ ਪਿੰਡ 'ਚ ਕੋਈ ਹੋਰ ਘਟਨਾ ਕਿਵੇਂ ਹੋ ਸਕਦੀ ਐ? ਚੱਲ ਸੁਣਾ, ਕੀ ਹੋਇਆ?"

ਜੀਤੇ ਨੇ ਗੰਭੀਰ ਚਿਹਰਾ ਬਣਾ ਕੇ ਕਿਹਾ, "ਰਾਤ ਨੂੰ ਜਦੋਂ ਮੈਂ ਮੋਟਰਸਾਈਕਲ ਖੇਤਾਂ 'ਚੋਂ ਘਰ ਲਿਆ ਕੇ ਖੜ੍ਹਾ ਕੀਤਾ, ਤਾਂ ਇੱਕ ਬਹੁਤ ਵੱਡਾ ਮੱਛਰ ਉੱਡਦਾ ਆਇਆ। ਉਹਦਾ ਕੱਦ ਕਿਸੇ ਤਿੱਤਰ ਜਿੰਨਾ ਸੀ। ਉਹਨੇ ਮੇਰੇ ਹੱਥ 'ਚੋਂ ਚਾਬੀਆਂ ਖੋਹੀਆਂ, ਮੋਟਰਸਾਈਕਲ ਨੂੰ ਕਿੱਕ ਮਾਰੀ ਤੇ ਸਟਾਰਟ ਕਰ ਲਿਆ। ਸੌਂਹ ਵੱਡੇ ਮਹਾਰਾਜ ਦੀ!"

ਪੂਰੀ ਸੱਥ ਵਿੱਚ ਸੁੰਨ ਛਾ ਗਈ। ਗੱਜਣ ਸਿੰਘ ਦੀਆਂ ਅੱਖਾਂ ਬਾਹਰ ਆ ਗਈਆਂ। ਉਹ ਬੋਲਿਆ, "ਓਏ ਜੀਤਿਆ! ਮੱਛਰ ਮੋਟਰਸਾਈਕਲ ਕਿਵੇਂ ਚਲਾਊ? ਉਹਦੇ ਪੈਰ ਪੈਡਲਾਂ ਤੱਕ ਪਹੁੰਚ ਗਏ?"

ਜੀਤਾ ਬੋਲਿਆ, "ਓਹੀ ਤਾਂ ਗੱਲ ਐ! ਉਹ ਮੱਛਰ ਇਕੱਲਾ ਨਹੀਂ ਸੀ, ਉਹਦੇ ਨਾਲ ਉਹਦੀ ਵਹੁਟੀ (ਮੱਛਰਨੀ) ਵੀ ਸੀ। ਮੱਛਰਨੀ ਪਿੱਛੇ ਬੈਠ ਗਈ ਤੇ ਮੱਛਰ ਨੇ ਕਲੱਚ ਛੱਡਿਆ। ਉਹ ਮੋਟਰਸਾਈਕਲ ਨੂੰ 80 ਦੀ ਸਪੀਡ 'ਤੇ ਭਜਾ ਕੇ ਲੈ ਗਿਆ। ਮੈਂ ਉਹਦਾ ਪਿੱਛਾ ਕੀਤਾ, ਤਾਂ ਉਹਨੇ ਰਸਤੇ ਵਿੱਚ ਮੈਨੂੰ 'ਇੰਡੀਕੇਟਰ' ਦੇ ਕੇ ਮੁੜਨ ਦਾ ਇਸ਼ਾਰਾ ਵੀ ਕੀਤਾ! ਸੌਂਹ ਵੱਡੇ ਮਹਾਰਾਜ ਦੀ!"

ਗੱਜਣ ਸਿੰਘ ਥੋੜ੍ਹਾ ਖਿੱਝ ਕੇ ਬੋਲਿਆ, "ਜੀਤਿਆ, ਇਹ ਤਾਂ ਨਿਰੀ ਗੱਪ ਐ! ਮੱਛਰ ਮੋਟਰਸਾਈਕਲ ਨਹੀਂ ਚਲਾ ਸਕਦਾ।"

ਜੀਤਾ ਨੇ ਪੈਂਤੜਾ ਬਦਲਿਆ, "ਗੱਜਣ ਸਿਆਂ, ਮੈਂ ਵੀ ਪਹਿਲਾਂ ਇਹੀ ਸੋਚਿਆ ਸੀ। ਫਿਰ ਮੈਨੂੰ ਯਾਦ ਆਇਆ ਕਿ ਉਹ ਮੱਛਰ ਤੇਰੇ ਘਰੋਂ ਹੋ ਕੇ ਆਇਆ ਸੀ। ਉਹਨੇ ਤੇਰੀ ਉਸੇ 'ਏਅਰ-ਕੰਡੀਸ਼ਨਡ' ਮੱਝ ਦੀ ਕੁਲਫੀ ਖਾਧੀ ਸੀ। ਉਸ ਕੁਲਫੀ ਵਿੱਚ ਐਨੀ ਤਾਕਤ ਤੇ ਠੰਢਕ ਸੀ ਕਿ ਮੱਛਰ ਦਾ ਦਿਮਾਗ ਕੰਪਿਊਟਰ ਵਰਗਾ ਹੋ ਗਿਆ ਤੇ ਉਹਦੇ ਸਰੀਰ 'ਚ ਘੋੜੇ ਵਰਗੀ ਜਾਨ ਆ ਗਈ। ਉਹ ਤਾਂ ਰਾਤ ਨੂੰ ਤੇਰੇ 'ਅੰਗਰੇਜ਼ੀ' ਸਾਈਕਲ ਨਾਲ ਰੇਸਾਂ ਲਾ ਰਿਹਾ ਸੀ। ਸੌਂਹ ਵੱਡੇ ਮਹਾਰਾਜ ਦੀ!"

ਸਾਰੇ ਲੋਕ ਠਾਹ-ਠਾਹ ਕਰਕੇ ਹੱਸ ਪਏ। ਗੱਜਣ ਸਿੰਘ ਆਪਣਾ ਸਿਰ ਖੁਰਕਣ ਲੱਗ ਪਿਆ। ਉਹਨੂੰ ਸਮਝ ਆ ਗਈ ਕਿ ਜੀਤੇ ਨੇ ਉਹਦੀ ਹੀ ਮੱਝ ਤੇ ਉਹਦੇ ਹੀ ਸਾਈਕਲ ਨੂੰ ਵਰਤ ਕੇ ਉਹਨੂੰ ਘੇਰ ਲਿਆ ਹੈ।

ਜੀਤਾ ਅੱਗੇ ਬੋਲਿਆ, "ਹੋਰ ਤਾਂ ਹੋਰ ਗੱਜਣ ਸਿਆਂ, ਉਹ ਮੱਛਰ ਜਦੋਂ ਮੋਟਰਸਾਈਕਲ ਮੋੜ ਰਿਹਾ ਸੀ, ਤਾਂ ਉਹਨੇ ਨਸੀਬੋ ਭਾਬੀ ਨੂੰ ਵੀ ਆਵਾਜ਼ ਮਾਰੀ—'ਭਾਬੀ ਜੀ! ਗੱਜਣ ਬਾਈ ਨੂੰ ਕਹਿ ਦਿਓ ਕਿ ਕੱਲ੍ਹ ਨੂੰ ਟੈਂਕੀ ਫੁੱਲ ਰੱਖੇ, ਮੈਂ ਪਿਕਨਿਕ 'ਤੇ ਜਾਣਾ ਹੈ।' ਸੌਂਹ ਵੱਡੇ ਮਹਾਰਾਜ ਦੀ!"

ਗੱਜਣ ਸਿੰਘ ਢਿੱਲਾ ਜਿਹਾ ਹੋ ਕੇ ਬੋਲਿਆ, "ਅੱਛਾ... ਤਾਂ ਹੀ ਮੈਂ ਸੋਚਾਂ ਕਿ ਰਾਤ ਮੇਰੀ ਟੈਂਕੀ 'ਚੋਂ ਤੇਲ ਕੌਣ ਕੱਢ ਕੇ ਲੈ ਗਿਆ। ਮੈਂ ਤਾਂ ਸੋਚਿਆ ਸੀ ਕੋਈ ਬੰਦਾ ਹੋਊ, ਪਰ ਉਹ ਤਾਂ ਤੇਰਾ 'ਸਿਆਣਾ' ਮੱਛਰ ਨਿਕਲਿਆ। ਚੱਲ ਕੋਈ ਨਾ, ਰਿਸ਼ਤੇਦਾਰੀ 'ਚ ਤੇਲ ਦਾ ਕੀ ਦੇਣਾ-ਲੇਣਾ। ਸੌਂਹ ਵੱਡੇ ਮਹਾਰਾਜ ਦੀ!"

ਜੀਤੇ ਨੇ ਗੱਜਣ ਦੇ ਮੋਢੇ 'ਤੇ ਹੱਥ ਰੱਖਿਆ, "ਗੱਜਣ ਸਿਆਂ, ਮੰਨ ਗਿਆ ਨਾ ਫਿਰ?"

ਗੱਜਣ ਬੋਲਿਆ, "ਮੰਨਣਾ ਕੀ ਐ ਓਏ! ਉਹ ਮੱਛਰ ਅਸਲ ਵਿੱਚ ਮੇਰੀ ਮੱਝ ਦਾ 'ਡਰਾਈਵਰ' ਲੱਗਿਆ ਹੋਇਆ। ਮੈਂ ਉਹਨੂੰ ਖੁਦ ਭੇਜਿਆ ਸੀ ਕਿ ਜਾਹ ਜੀਤੇ ਦਾ ਮੋਟਰਸਾਈਕਲ ਚੈੱਕ ਕਰਕੇ ਆ, ਉਹਦੇ ਟਾਇਰਾਂ 'ਚ ਹਵਾ ਘੱਟ ਐ। ਸੌਂਹ ਵੱਡੇ ਮਹਾਰਾਜ ਦੀ!"

ਜੀਤਾ ਤੇ ਸਾਰੀ ਸੱਥ ਹੱਸ-ਹੱਸ ਕੇ ਦੂਹਰੀ ਹੋ ਗਈ। ਗੱਜਣ ਨੇ ਆਪਣੀ ਹਾਰ ਨੂੰ ਵੀ ਇੱਕ ਨਵੀਂ 'ਗੱਪ' ਵਿੱਚ ਬਦਲ ਦਿੱਤਾ ਸੀ, ਪਰ ਉਸ ਦਿਨ ਤੋਂ ਬਾਅਦ ਉਹ ਜੀਤੇ ਦੇ ਸਾਹਮਣੇ ਸੌਂਹ ਖਾਣ ਤੋਂ ਪਹਿਲਾਂ ਦੋ ਵਾਰ ਸੋਚਣ ਲੱਗ ਪਿਆ।

ਪਿੰਡ ਵਿੱਚ ਅੱਜ ਵੀ ਲੋਕ ਕਹਿੰਦੇ ਨੇ ਕਿ ਜੇਕਰ ਗੱਜਣ ਦੀ ਮੱਝ ਏਸੀ ਹੈ, ਤਾਂ ਜੀਤੇ ਦਾ ਮੱਛਰ ਵੀ ਪਾਇਲਟ ਹੈ!

ਪਿੰਡ ਵਿੱਚ ਜੀਤੇ ਦੇ 'ਸੁਪਰ-ਮੱਛਰ' ਵਾਲੀ ਘਟਨਾ ਤੋਂ ਬਾਅਦ ਗੱਜਣ ਸਿੰਘ ਦੋ ਦਿਨ ਸੱਥ ਵਿੱਚ ਨਹੀਂ ਆਇਆ। ਲੋਕਾਂ ਨੂੰ ਲੱਗਿਆ ਕਿ ਸ਼ਾਇਦ ਗੱਜਣ ਦੀਆਂ ਗੱਪਾਂ ਦਾ ਸਟਾਕ ਮੁੱਕ ਗਿਆ ਹੈ। ਪਰ ਤੀਜੇ ਦਿਨ ਸ਼ਾਮ ਨੂੰ ਜਦੋਂ ਸੂਰਜ ਡੁੱਬਣ ਵਾਲਾ ਸੀ, ਗੱਜਣ ਸਿੰਘ ਆਪਣੇ ਹੱਥ ਵਿੱਚ ਇੱਕ ਪੁਰਾਣੀ ਲੋਹੇ ਦੀ ਵੱਡੀ ਟਾਰਚ ਫੜ ਕੇ ਬੜੀ ਟੌਹਰ ਨਾਲ ਆਇਆ।

ਜੀਤੇ ਨੇ ਮਜ਼ਾਕ ਉਡਾਇਆ, "ਕਿਉਂ ਗੱਜਣ ਸਿਆਂ! ਅਜੇ ਤਾਂ ਦਿਨ ਦਾ ਚਾਨਣ ਹੈ, ਆਹ ਟਾਰਚ ਕੀ ਬੱਦਲਾਂ 'ਚ ਰੌਸ਼ਨੀ ਕਰਨ ਲਈ ਚੁੱਕੀ ਐ?"

ਗੱਜਣ ਸਿੰਘ ਨੇ ਇੱਕ ਰਹੱਸਮਈ ਮੁਸਕਰਾਹਟ ਦਿੱਤੀ ਤੇ ਟਾਰਚ ਨੂੰ ਬੜੇ ਸਤਿਕਾਰ ਨਾਲ ਮੰਜੇ 'ਤੇ ਰੱਖ ਦਿੱਤਾ। ਉਹ ਬੋਲਿਆ, "ਓਏ ਜੀਤਿਆ, ਇਹ ਮਾਮੂਲੀ ਟਾਰਚ ਨਹੀਂ ਐ। ਇਹਦੇ ਅੰਦਰ ਜੋ ਮੈਂ ਕੈਦ ਕੀਤਾ ਹੋਇਆ, ਉਹ ਦੇਖ ਕੇ ਤੇਰੇ ਮੱਛਰ ਨੇ ਵੀ ਆਪਣਾ ਮੋਟਰਸਾਈਕਲ ਵੇਚ ਦੇਣਾ। ਸੌਂਹ ਵੱਡੇ ਮਹਾਰਾਜ ਦੀ!"

ਪਿੰਡ ਦਾ ਨੰਬਰਦਾਰ ਬੋਲਿਆ, "ਦੱਸ ਤਾਂ ਸਹੀ ਇਹਦੇ 'ਚ ਹੈ ਕੀ? ਕੋਈ ਜਿਨ-ਭੂਤ ਫੜ ਲਿਆ?"

ਗੱਜਣ ਨੇ ਆਲੇ-ਦੁਆਲੇ ਦੇਖਿਆ ਤੇ ਹੌਲੀ ਜਿਹੀ ਆਵਾਜ਼ 'ਚ ਕਿਹਾ, "ਕੱਲ੍ਹ ਸ਼ਾਮ ਨੂੰ ਜਦੋਂ ਸੂਰਜ ਡੁੱਬ ਰਿਹਾ ਸੀ, ਮੈਂ ਕੋਠੇ 'ਤੇ ਚੜ੍ਹ ਕੇ ਪਤੰਗ ਉਡਾ ਰਿਹਾ ਸੀ। ਜਿਵੇਂ ਹੀ ਸੂਰਜ ਹੇਠਾਂ ਜਾਣ ਲੱਗਾ, ਮੈਂ ਆਪਣੀ ਪਤੰਗ ਦੀ ਡੋਰ ਉਹਦੇ ਦੁਆਲੇ ਪਾ ਦਿੱਤੀ ਤੇ ਉਹਨੂੰ ਖਿੱਚ ਕੇ ਆਪਣੇ ਵਿਹੜੇ 'ਚ ਉਤਾਰ ਲਿਆ। ਮੈਂ ਫਟਾਫਟ ਸੂਰਜ ਨੂੰ ਮਰੋੜ ਕੇ ਇਸ ਟਾਰਚ ਦੇ ਅੰਦਰ ਪਾ ਕੇ ਉੱਤੋਂ ਢੱਕਣ ਬੰਦ ਕਰ ਦਿੱਤਾ। ਹੁਣ ਸੂਰਜ ਮੇਰੀ ਜੇਬ੍ਹ 'ਚ ਐ। ਸੌਂਹ ਵੱਡੇ ਮਹਾਰਾਜ ਦੀ!"

ਜੀਤਾ ਹੱਸ-ਹੱਸ ਕੇ ਲੋਟ-ਪੋਟ ਹੋ ਗਿਆ, "ਗੱਜਣ ਸਿਆਂ! ਜੇ ਸੂਰਜ ਟਾਰਚ 'ਚ ਐ, ਤਾਂ ਬਾਹਰ ਆਹ ਰੌਸ਼ਨੀ ਕਿਹਦੀ ਐ?"

ਗੱਜਣ ਨੇ ਬਿਨਾਂ ਘਬਰਾਏ ਕਿਹਾ, "ਓਏ ਇਹ ਤਾਂ ਉਹਦੀ 'ਫੋਟੋਸਟੇਟ' ਐ, ਜਿਹੜੀ ਉਹ ਜਾਂਦਾ-ਜਾਂਦਾ ਅਸਮਾਨ 'ਚ ਭੁੱਲ ਗਿਆ ਸੀ। ਅਸਲੀ ਸੂਰਜ ਤਾਂ ਹੁਣ ਮੇਰੀ ਬੈਟਰੀ ਨਾਲ ਚੱਲਦਾ। ਹੁਣ ਜਦੋਂ ਵੀ ਮੈਂ ਇਹਦਾ ਬਟਨ ਨੱਪਦਾ ਹਾਂ, ਪੂਰੇ ਫੁੱਲੂਵਾਲਾ 'ਚ ਦੁਪਹਿਰ ਹੋ ਜਾਂਦੀ ਐ ਤੇ ਲੋਕਾਂ ਦੀਆਂ ਕਣਕਾਂ ਇੱਕ ਦਿਨ 'ਚ ਹੀ ਪੱਕ ਜਾਂਦੀਆਂ ਨੇ। ਸੌਂਹ ਵੱਡੇ ਮਹਾਰਾਜ ਦੀ!"

ਅਜੇ ਗੱਜਣ ਸਿੰਘ ਸੂਰਜ ਦੀ ਗਰਮੀ ਦੇ ਗੁਣ ਗਾ ਹੀ ਰਿਹਾ ਸੀ ਕਿ ਪਿੱਛੋਂ ਉਹਦੀ ਘਰਵਾਲੀ ਨਸੀਬੋ ਹੱਥ ਵਿੱਚ ਇੱਕ ਡੰਡਾ ਫੜ ਕੇ ਆ ਗਈ। ਉਹਦਾ ਚਿਹਰਾ ਗੁੱਸੇ ਨਾਲ ਲਾਲ ਸੀ।

ਨਸੀਬੋ ਚੀਕੀ, "ਵੇ ਗੱਜਣ ਸਿਆਂ! ਤੂੰ ਇੱਥੇ ਬੈਠਾ ਸੂਰਜ ਵੇਚ ਰਿਹਾ ਐਂ? ਘਰ ਚੱਲ ਕੇ ਦੇਖ, ਉਹ ਟਾਰਚ ਦੇ ਸੈੱਲ ਲੀਕ ਹੋ ਗਏ ਨੇ ਤੇ ਤੂੰ ਕਹਿੰਦਾ ਸੂਰਜ ਫੜਿਆ ਐ! ਮੱਝ ਭੁੱਖੀ ਮਰ ਰਹੀ ਐ, ਤੂੰ ਉਹਨੂੰ ਪੱਤੇ ਪਾਉਣੇ ਸੀ ਤੇ ਤੂੰ ਇੱਥੇ ਬਾਦਲਾਂ 'ਚ ਪਤੰਗਾਂ ਉਡਾ ਰਿਹਾ ਐਂ!"

ਜੀਤੇ ਨੇ ਮੌਕਾ ਤਾੜ ਕੇ ਕਿਹਾ, "ਭਾਬੀ ਜੀ, ਇਹ ਤਾਂ ਕਹਿੰਦੇ ਨੇ ਕਿ ਸੂਰਜ ਇਹਨਾਂ ਦੇ ਕਬਜ਼ੇ 'ਚ ਐ।"

ਨਸੀਬੋ ਨੇ ਗੱਜਣ ਵੱਲ ਘੂਰੀ ਵੱਟੀ, "ਇਹਦੇ ਕਬਜ਼ੇ 'ਚ ਤਾਂ ਆਪਣਾ ਪਜਾਮਾ ਨਹੀਂ ਰਹਿੰਦਾ, ਸੂਰਜ ਕੀ ਫੜੂ! ਕੱਲ੍ਹ ਇਹ ਕੋਠੇ 'ਤੇ ਬੈਠਾ ਚਿੜੀਆਂ ਨੂੰ ਗੁਲੇਲ ਮਾਰ ਰਿਹਾ ਸੀ ਤੇ ਡਿੱਗਦੇ-ਡਿੱਗਦੇ ਬਚਿਆ। ਚੱਲ ਘਰ ਨੂੰ ਸਿੱਧਾ, ਨਹੀਂ ਤਾਂ ਮੈਂ ਤੇਰਾ ਸੂਰਜ ਹੁਣੇ ਚੜ੍ਹਾ ਦੇਣਾ!"

ਗੱਜਣ ਸਿੰਘ ਥੋੜ੍ਹਾ ਜਿਹਾ ਸ਼ਰਮਿੰਦਾ ਹੋਇਆ, ਆਪਣੀ ਟਾਰਚ ਚੁੱਕੀ ਤੇ ਉੱਠਦਾ ਹੋਇਆ ਬੋਲਿਆ, "ਦੇਖ ਲਿਆ ਜੀਤਿਆ? ਮੈਂ ਤਾਂ ਸੂਰਜ ਨੂੰ ਨਸੀਬੋ ਦੇ ਡਰ ਕਰਕੇ ਟਾਰਚ 'ਚ ਰੱਖਿਆ ਹੋਇਆ ਸੀ ਕਿ ਕਿਤੇ ਉਹਨੂੰ ਗਰਮੀ ਨਾ ਲੱਗੇ, ਪਰ ਇਹ ਔਰਤਾਂ ਪਿਆਰ ਨੂੰ ਸਮਝਦੀਆਂ ਹੀ ਨਹੀਂ। ਹੁਣ ਮੈਂ ਚੱਲਿਆ... ਸੂਰਜ ਨੂੰ ਰੋਟੀ ਪਾਉਣੀ ਐ, ਕਿਤੇ ਭੁੱਖਾ ਹੀ ਨਾ ਸੌਂ ਜਾਵੇ। ਸੌਂਹ ਵੱਡੇ ਮਹਾਰਾਜ ਦੀ!"

ਗੱਜਣ ਸਿੰਘ ਤੇਜ਼-ਤੇਜ਼ ਕਦਮਾਂ ਨਾਲ ਘਰ ਵੱਲ ਭੱਜ ਗਿਆ ਤੇ ਪਿੱਛੇ ਸਾਰੀ ਸੱਥ ਦੇ ਹਾਸੇ ਦੀ ਗੂੰਜ ਅਸਮਾਨ ਤੱਕ ਪਹੁੰਚ ਗਈ। ਜੀਤੇ ਨੇ ਆਪਣੀ ਪੱਗ ਸਿੱਧੀ ਕੀਤੀ ਤੇ ਕਿਹਾ, "ਭਰਾਵੋ, ਗੱਜਣ ਦੀ ਗੱਪ ਤੇ ਨਸੀਬੋ ਦਾ ਡੰਡਾ... ਦੋਵੇਂ ਹੀ ਪਿੰਡ ਦੀ ਰੌਣਕ ਨੇ!"

ਉਸ ਦਿਨ ਤੋਂ ਬਾਅਦ ਜਦੋਂ ਵੀ ਪਿੰਡ ਵਿੱਚ ਬਿਜਲੀ ਜਾਂਦੀ, ਜੀਤਾ ਉੱਚੀ ਦੇਣੀ ਕੂਕਦਾ—"ਓਏ ਗੱਜਣ ਸਿਆਂ! ਜ਼ਰਾ ਟਾਰਚ ਵਾਲਾ ਬਟਨ ਨੱਪੀਂ, ਅਸੀਂ ਰੋਟੀ ਖਾਣੀ ਐ!"

ਗੱਜਣ ਅੱਗੇ ਸਿਰਫ਼ ਇੱਕੋ ਜਵਾਬ ਦਿੰਦਾ—"ਓਏ ਸੂਰਜ ਅੱਜ ਰੁੱਸ ਕੇ ਨਸੀਬੋ ਦੇ ਪੇਕੇ ਚਲਾ ਗਿਆ, ਕੱਲ੍ਹ ਆਊਗਾ... ਸੌਂਹ ਵੱਡੇ ਮਹਾਰਾਜ ਦੀ!"